ਵਿਸ਼ਾ - ਪੰਜਾਬੀ ਜਮਾਤ - ਦਸਵੀਂ ਸਾਲ- ਅਪ੍ਰੈਲ 2020

# ਕੁਲਫ਼ੀ ਕਹਾਣੀ - ਪ੍ਰਿੰ: ਸੁਜਾਨ ਸਿੰਘ



## 1. ਕੁਲਫ਼ੀ ਕਹਾਣੀ ਦਾ ਸਾਰ 150 ਸ਼ਬਦਾਂ ਵਿੱਚ ਲਿਖੋ ?

ਜੂਨ ਦੀ ਦੁਪਹਿਰੇ ਕਹਾਣੀਕਾਰ ਸੁੱਤਾ ਪਿਆ ਸੀ ਕਿ ਬਾਹਰੋਂ ਪਹਿਲਾਂ ਕੁਲਫ਼ੀ ਵਾਲੇ ਦੀ ਤੇ ਫਿਰ ਮੁਰਮਰਾ ਵੇਚਣ ਵਾਲੇ ਦੀ ਆਵਾਜ਼ ਆਈ। ਉਸ ਦਾ ਛੋਟਾ ਕਾਕਾ ਉਸ ਨੂੰ ਜਗਾ ਕੇ ਟੱਕਾ ਮੰਗਣ ਲੱਗਾ ਪਰ ਮਹੀਨੇ ਦੀ 26 ਤਾਰੀਖ਼ ਹੋਣ ਕਰਕੇ ਕਹਾਣੀਕਾਰ ਦੀ ਜੇਬ ਖ਼ਾਲੀ ਸੀ। ਕਹਾਣੀਕਾਰ ਨੇ ਸ਼ਾਮੀ ਬਜ਼ਾਰੋਂ ਕੁਲਫ਼ੀ ਖਾਣ ਦਾ ਇਕਰਾਰ ਕਰ ਕੇ ਕਾਕੇ ਤੋਂ ਪਿੱਛਾ ਛੁਡਾਇਆ ਤੇ ਆਪ ਘਰੋਂ ਨਿਕਲ ਗਿਆ। ਸ਼ਾਮ ਨੂੰ ਜਦੋਂ ਉਹ ਘਰ ਪਰਤਿਆ, ਤਾਂ ਕਾਕੇ ਨੇ ਕੁਲਫ਼ੀ ਖਾਣ ਲਈ ਕਿਹਾ, ਪਰ ਕਹਾਣੀਕਾਰ ਨੇ ਉਸ ਨੂੰ ਦਬਕੇ ਨਾਲ ਚੁੱਪ ਕਰਾਉਂਦਿਆਂ ਅਗਲੇ ਦਿਨ ਦਾ ਇਕਰਾਰ ਕਰ ਦਿੱਤਾ।

ਅਗਲੇ ਦਿਨ ਉਸ ਨੇ ਇੱਕ ਸਾਥੀ ਤੋਂ ਤਿੰਨ ਰੁਪਏ ਉਧਾਰ ਲਏ ਪਰ ਉਹ ਘਰ ਦੀਆਂ ਲੋੜਾਂ ਖ਼ਾਤਰ ਉਸ ਦੀ ਪਤਨੀ ਨੇ ਲੈ ਲਏ। ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ ਪਰ ਜਾਗਦਿਆਂ ਹੀ ਉਸਨੇ ਕੁਲਫ਼ੀ ਮੰਗੀ। ਕਹਾਣੀਕਾਰ ਨੇ ਫਿਰ ਸ਼ਾਮ ਨੂੰ ਕੁਲਫ਼ੀ ਖਾਣ ਦਾ ਇਕਰਾਰ ਕਰ ਦਿੱਤਾ। ਰਾਤ ਨੂੰ ਉਹ ਜ਼ਰਾ ਲੇਟ ਘਰ ਪਰਤਿਆ। ਕਾਕਾ ਸੌਂ ਚੁੱਕਾ ਸੀ। ਅੱਧੀ ਰਾਤ ਵੇਲੇ ਉਹ 'ਕੁਲਫ਼ੀ-ਕੁਲਫ਼ੀ' ਬੁੜਬੁੜਾਉਣ ਲੱਗਾ। ਸਵੇਰੇ ਉੱਠ ਕੇ ਉਸ ਨੇ ਕੁਲਫ਼ੀ ਨਾ ਮੰਗੀ, ਪਰ ਦੁਪਹਿਰੇ ਜਦੋਂ ਬਾਹਰੋਂ ਕੁਲਫ਼ੀ ਵਾਲੇ ਦੀ ਆਵਾਜ਼ ਆਈ, ਤਾਂ ਉਹ ਖੇਡ ਛੱਡ ਕੇ ਉਧਰ ਤੁਰ ਪਿਆ। ਕਹਾਣੀਕਾਰ ਵੀ ਦੱਬੇ ਪੈਰੀਂ ਉਸ ਦੇ ਮਗਰ ਗਿਆ। ਜਦੋਂ ਕੁਲਫ਼ੀ ਵਾਲਾ ਸ਼ਾਹਾਂ ਦੇ ਮੁੰਡੇ ਨੂੰ ਕੁਲਫ਼ੀ ਦੇ ਰਿਹਾ ਸੀ, ਤਾਂ ਕਾਕਾ ਉਸ ਨੂੰ ਧੁੱਸ ਦੇ ਕੇ ਪੈ ਗਿਆ, ਜਿਸ ਨਾਲ ਸ਼ਾਹਾਂ ਦਾ ਮੁੰਡਾ

ਨਾਲੀ ਵਿੱਚ ਡਿੱਗ ਪਿਆ ਤੇ ਕੁਲਫ਼ੀ ਖਿਲਰ ਗਈ। ਜਦੋਂ ਉਹ ਉੱਠਿਆ ਤਾਂ ਕਾਕੇ ਨੇ ਉਸ ਨੂੰ ਇੱਕ ਹੋਰ ਢੁੱਡ ਮਾਰੀ ਤੇ ਉਹ ਮੁੜ ਨਾਲੀ ਵਿੱਚ ਡਿੱਗ ਪਿਆ। ਜਦੋਂ ਸ਼ਾਹਣੀ ਦੁਆਰਾ ਉਲਾਮਾ ਦੇਣ 'ਤੇ ਕਾਕੇ ਦੀ ਮਾਂ ਉਸ ਨੂੰ ਚਪੇੜ ਮਾਰਨ ਲੱਗੀ ਤਾਂ ਕਹਾਣੀਕਾਰ ਨੇ ਕਿਹਾ," ਕੁਝ ਵੰਡ ਸੁਦੈਣੇ, ਕਾਇਰ ਪਿਉ ਦੇ ਘਰ ਬਹਾਦਰ ਮੁੰਡਾ ਜੰਮਿਐ।"

## 2. ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ ?

ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਦੀਆਂ ਅੱਖਾਂ ਸਾਹਮਣੇ ਚਿੱਟੀ ਦੁੱਧ ਕੁਲਫ਼ੀ ਨੱਚਣ ਲੱਗ ਪਈ। ਉਸ ਦੇ ਮੂੰਹ ਵਿੱਚ ਪਾਣੀ ਆ ਗਿਆ ਪਰ ਉਹ ਆਪਣੀ ਆਰਥਿਕ ਤੰਗੀ ਕਰਕੇ ਕੁਲਫ਼ੀ ਖਰੀਦਣ ਤੋਂ ਅਸਮਰੱਥ ਸੀ। ਉਹ ਸੋਚ ਰਿਹਾ ਸੀ ਕਿ ਉਸ ਦੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਪੰਦਰਾਂ ਦਿਨਾਂ ਵਿੱਚ ਹੀ ਉੱਡ-ਪੁੱਡ ਜਾਂਦੀ ਹੈ। ਉਹ ਪੈਸੇ ਦੀ ਤੰਗੀ ਨੂੰ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਅਨੁਭਵ ਕਰ ਰਿਹਾ ਸੀ।

## 3. 'ਤੁਸੀਂ ਟਕਾ ਦੇ ਦਿਓ' ਮੈਨੂੰ ਨਹੀਂ ਲੱਗਦੀ ਖੰਘ।' ਕਾਕੇ ਦੇ ਇਨ੍ਹਾਂ ਸ਼ਬਦਾਂ ਤੋਂ ਕੀ ਭਾਵ ਸੀ ?

ਇਸ ਤੁੱਕ ਦਾ ਭਾਵ ਸੀ ਕਿ ਉਹ ਜਾਣਦਾ ਹੈ ਕਿ ਉਸ ਦਾ ਪਿਤਾ ਵੱਖਰੇ-ਵੱਖਰੇ ਬਹਾਨੇ ਬਣਾ ਕੇ ਉਸ ਨੂੰ ਟਕਾ ਨਹੀਂ ਦੇਣਾ ਚਾਹੁੰਦਾ। ਇਸ ਕਰਕੇ ਜਦੋਂ ਲੇਖਕ ਨੇ ਉਸਨੂੰ ਮੁਰਮੁਰਾ ਖਾਣ ਨਾਲ ਖੰਘ ਲੱਗਦੀ ਹੋਣ ਦਾ ਡਰ ਦਿੰਦਾ ਹੈ, ਤਾਂ ਕਾਕਾ ਇਕਦਮ ਉਸ ਦੀ ਗੱਲ ਰੱਦ ਕਰਦਾ ਹੋਇਆ ਕਹਿੰਦਾ ਹੈ ਕਿ ਉਸ ਨੂੰ ਪਤਾ ਹੈ ਕਿ ਉਸ ਨੂੰ ਮੁਰਮੁਰਾ ਖਾ ਕੇ ਖੰਘ ਨਹੀਂ ਲੱਗਣੀ, ਉਸਨੂੰ ਟਕਾ ਦੇਵੇ।

## 4. ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਕਿਉਂ ਕਰਦਾ ਹੈ ?

ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਇਹ ਸਪੱਸ਼ਟ ਕਰਨ ਲਈ ਕਰਦਾ ਹੈ ਕਿ ਪਹਿਲੀ ਸੰਸਾਰ ਜੰਗ ਤੋਂ ਮਗਰੋਂ ਕਿਸ ਤਰ੍ਹਾਂ ਤੇਜ਼ੀ ਨਾਲ ਮਹਿੰਗਾਈ ਵਧੀ ਸੀ। ਪੜ੍ਹੇ ਲਿਖੇ ਲੋਕਾਂ ਦੀ ਤਨਖਾਹ ਜਾਂ ਆਮਦਨ ਜੰਗ ਤੋਂ ਪਹਿਲਾਂ ਦੇ ਘੱਟ ਪੜ੍ਹੇ ਜਾਂ ਅਨਪੜ੍ਹ ਲੋਕਾਂ ਨਾਲੋਂ ਘੱਟ ਸੀ। ਇਸ ਤਰ੍ਹਾਂ ਲੋਕਾਂ ਦਾ ਗੁਜ਼ਾਰਾ ਬਹੁਤ ਔਖਾ ਹੋ ਗਿਆ ਸੀ।

ਇਸ ਕਰਕੇ ਇਸ ਦਾ ਕਾਰਨ ਉਹ ਇਹ ਸਮਝਦਾ ਹੈ ਕਿ ਦੇਸ਼ ਦੀ ਆਰਥਿਕਤਾ ਉੱਤੇ ਧਨ-ਕੁਬੇਰਾਂ ਦਾ ਕਬਜ਼ਾ ਹੋ ਚੁੱਕਾ ਸੀ।

## 5. ਲੇਖਕ ਮਾਲਕ ਤੋਂ ਤਨਖਾਹ ਵਧਾਉਣ ਦੀ ਮੰਗ ਤੋਂ ਕਿਉਂ ਸੰਕੋਚ ਕਰ ਰਿਹਾ ਸੀ ?

ਲੇਖਕ ਦੇ ਮਨ ਵਿੱਚ ਆਉਂਦਾ ਸੀ ਕਿ ਉਹ ਆਪਣੇ ਕਾਰੋਬਾਰ ਦੇ ਮਾਲਕ ਨੂੰ ਕਹੇ ਕਿ ਇੰਨੀ ਤਨਖ਼ਾਹ ਨਾਲ ਉਸ ਦਾ ਗੁਜ਼ਾਰਾ ਨਹੀਂ ਹੁੰਦਾ। ਪਰ ਉਸ ਨੂੰ ਇਹ ਕੀ ਪਤਾ ਸੀ ਕਿ ਮੁਨਾਫ਼ੇਖੋਰ ਮਾਲਕ ਨੇ ਉਸਦੀ ਨਹੀਂ ਸੁਣਨੀ। ਨਾਲ ਹੀ ਉਸ ਦੇ ਕਿਸੇ ਸਾਥੀ ਨੇ ਇਸ ਮੰਗ ਲਈ ਉਸਦਾ ਸਾਥ ਨਹੀਂ ਦੇਣਾ। ਮੰਗ ਕੀਤਿਆਂ ਕਈ

ਵਾਰੀ ਮਾਲਕ ਵੱਲੋਂ ਨੌਕਰੀ ਤੋਂ ਜਵਾਬ ਵੀ ਹੋ ਜਾਂਦਾ ਸੀ। ਇਸ ਕਰਕੇ ਬੇਰੁਜ਼ਗਾਰੀ ਦੀ ਭਿਆਨਕ ਭਵਿੱਖ ਤੋਂ ਡਰਦਾ ਉਹ ਮਾਲਕ ਤੋਂ ਤਨਖਾਹ ਵਧਾਉਣ ਦੀ ਮੰਗ ਕਰਨ ਤੋਂ ਸੰਕੋਚ ਕਰ ਰਿਹਾ ਸੀ।

**6. ਸ਼ਾਹਾਂ ਦੇ ਮੁੰਡੇ ਤੋਂ ਕੁਲਫੀ ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ ਪ੍ਰਤੀਕਿਰਿਆ ਸੀ ?**

ਜਦੋਂ ਸ਼ਾਹਣੀ ਲੇਖਕ ਦੇ ਘਰ ਉਸ ਦੇ ਕਾਕੇ ਦੁਆਰਾ ਉਨ੍ਹਾਂ ਦੇ ਮੁੰਡੇ ਤੋਂ ਕੁਲਫ਼ੀ ਖੋਹਣ ਲਈ ਢੁੱਡ ਮਾਰਨ ਦਾ ਉਲਾਮਾ ਦੇਣ ਆਈ ਤੇ ਲੇਖਕ ਦੀ ਪਤਨੀ ਨੇ ਕਾਕੇ ਨੂੰ ਮਾਰਨ ਲਈ ਚਪੇੜ ਚੁੱਕੀ ਤਾਂ ਕਹਾਣੀਕਾਰ ਨੇ ਉਸ ਨੂੰ ਕਿਹਾ ਕਿ ਉਹ ਕਾਕੇ ਨੂੰ ਨਾ ਮਾਰੇ, ਸਗੋਂ ਕੁਝ ਵੰਡੇ, ਕਿਉਂਕਿ ਕਾਕੇ ਨੇ ਇਸ ਤਰ੍ਹਾਂ ਕਰਕੇ ਇਹ ਸਿੱਧ ਕੀਤਾ ਹੈ ਕਿ ਭਵਿੱਖ ਵਿੱਚ ਅਮੀਰਾਂ ਤੋਂ ਆਪਣੇ ਹੱਕ ਖੋਹ ਕੇ ਲੈ ਲੈਣਗੇ, ਜਦਕਿ ਉਹ (ਲੇਖਕ) ਆਪਣੇ ਮਾਲਕ ਤੋਂ ਆਪਣੇ ਹੱਕ ਮੰਗਣ ਦਾ ਕਦੀ ਹੌਸਲਾ ਨਹੀਂ ਸੀ ਕਰ ਸਕਿਆ। ਇਸ ਕਰਕੇ ਉਹ ਤਾਂ ਕਾਇਰ ਪਿਓ ਦੇ ਘਰ ਜੰਮਿਆ ਬਹਾਦਰ ਪੁੱਤਰ ਹੈ।

**7. ਕਾਕਾ ਸੁਪਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ?**

ਕਾਕਾ ਸੁਪਨੇ ਵਿੱਚ ਇਸ ਕਰਕੇ ਬੁੜਬੁੜਾ ਰਿਹਾ ਸੀ, ਕਿਉਂਕਿ ਭਾਵੇਂ ਉਹ ਸੁੱਤਾ ਪਿਆ ਸੀ, ਪਰ ਉਸ ਦੇ ਅਚੇਤ ਮਨ ਉੱਤੇ ਉਸ ਦੀ ਕੁਲਫ਼ੀ ਖਾਣ ਦੀ ਅਪੂਰਤ ਇੱਛਾ ਹੀ ਭਾਰੂ ਸੀ। ਭਾਵੇਂ ਉਹ ਸੁੱਤਾ ਪਿਆ ਸੀ ਪਰ ਸੁੱਤੇ ਪਿਆਂ ਉਸ ਦਾ ਅਚੇਤ ਮਨ ਜਾਗ ਰਿਹਾ ਸੀ ਤੇ ਉਸ ਦਾ ਪ੍ਰਗਟਾਵਾ ਉਸ ਦੇ ਬੁੜਬੁੜਾਉਣ ਰਾਹੀਂ ਹੋ ਰਿਹਾ ਸੀ।

**8. ਲੇਖਕ ਕੁਲਫ਼ੀ ਕਹਾਣੀ ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?**

ਕਹਾਣੀਕਾਰ ਇਸ ਕਹਾਣੀ ਰਾਹੀਂ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਕਿਰਤੀ ਜੋ ਕਿ ਹਰ ਸਮੇਂ ਆਰਥਿਕ ਮੁਸ਼ਕਿਲਾਂ ਵਿਚ ਘਿਰਿਆ ਰਹਿੰਦਾ ਹੈ, ਉਸ ਦੀਆਂ ਮੁਸ਼ਕਲਾਂ ਦਾ ਹੱਲ ਸਰਮਾਏਦਾਰ ਕੋਲੋਂ ਧਨ ਤੇ ਜਾਇਦਾਦ ਖੋਹ ਲੈਣ ਨਾਲ ਹੀ ਹੋ ਸਕਦਾ ਹੈ, ਜਿਸ ਤਰ੍ਹਾਂ ਕਹਾਣੀਕਾਰ ਦਾ ਪੁੱਤਰ ਸ਼ਾਹਾਂ ਦੀ ਮੁੰਡੇ ਨੂੰ ਧੱਕਾ ਮਾਰ ਕੇ ਉਸ ਪਾਸੋਂ ਕੁਲਫੀ ਖੋਹਣ ਦਾ ਯਤਨ ਕਰਦਾ ਹੈ। ਇਸ ਪ੍ਰਕਾਰ ਇਸ ਕਹਾਣੀ ਦਾ ਸੰਦੇਸ਼ ਅਗਾਂਹਵਧੂ ਤੇ ਕ੍ਰਾਂਤੀਕਾਰੀ ਭਾਵਨਾ ਵਾਲਾ ਹੈ।

# ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਕੁਲਫੀ ਕਹਾਣੀ ਦਾ ਲੇਖਕ ਕੌਣ ਹੈ ?

   ਪ੍ਰਿੰਸੀਪਲ ਸੁਜਾਨ ਸਿੰਘ

2. ਕੁਲਫੀ ਕਹਾਣੀ ਦੀ ਘਟਨਾ ਮਹੀਨੇ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ ?

   ਜੂਨ ਵਿੱਚ

3. ਕਾਕੇ ਨੇ ਲੇਖਕ ਨੂੰ ਜਗਾ ਕੇ ਕੀ ਮੰਗਿਆ ?

   ਟਕਾ।

4. ਕੁਲਫੀ ਕਹਾਣੀ ਦੀ ਪਹਿਲੀ ਘਟਨਾ ਜੂਨ ਮਹੀਨੇ ਦੀ ਕਿਸ ਤਾਰੀਖ਼ ਨੂੰ ਵਾਪਰਦੀ ਹੈ ?

   26 ਤਾਰੀਖ਼।

5. ਲੇਖਕ ਨੂੰ ਆਪਣਾ ਹਿੱਸਾ ਕੀਤੇ ਸਾਥੀ ਤੋਂ ਕਿੰਨੇ ਰੁਪਏ ਲਏ ?

   ਤਿੰਨ।